ਗੁਰੂ ਨਾਨਕ - ਸਬਦ ੨੧

ਅਸੰਖ ਨਾਵ ਅਸੰਖ ਥਾਵ ॥

ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੪

ਅਸੰਖ ਨਾਵ ਅਸੰਖ ਥਾਵ ॥
ਅਗੰਮ ਅਗੰਮ ਅਸੰਖ ਲੋਅ ॥
ਅਸੰਖ ਕਹਹਿ ਸਿਰਿ ਭਾਰੁ ਹੋਇ ॥
ਅਖਰੀ ਨਾਮੁ ਅਖਰੀ ਸਾਲਾਹ ॥
ਅਖਰੀ ਗਿਆਨੁ ਗੀਤ ਗੁਣ ਗਾਹ ॥
ਅਖਰੀ ਲਿਖਣੁ ਬੋਲਣੁ ਬਾਣਿ ॥
ਅਖਰਾ ਸਿਰਿ ਸੰਜੋਗੁ ਵਖਾਣਿ ॥
ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥
ਜਿਵ ਫੁਰਮਾਏ ਤਿਵ ਤਿਵ ਪਾਹਿ ॥
ਜੇਤਾ ਕੀਤਾ ਤੇਤਾ ਨਾਉ ॥
ਵਿਣੁ ਨਾਵੈ ਨਾਹੀ ਕੋ ਥਾਉ ॥
ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥੧੯॥

ਸਾਰ: ਰੂਹਾਨੀ ਸ਼ਬਦਾਂ ਉਪਰ ਕੀਤਾ ਚਿੰਤਨ ਸ਼ਰਧਾ ਯੋਗ ਗੰਭੀਰ ਬਿਬੇਕ ਨੂੰ ਖੋਲ੍ਹ ਸਕਦਾ ਹੈ। ਸੱਚੇ ਬਿਬੇਕ ਲਈ ਕਿਤਾਬੀ ਗਿਆਨ, ਅਨੁਭਵੀ ਸਿੱਖਿਆ, ਆਲੋਚਨਾਤਮਕ ਸੋਚ, ਅਤੇ ਧੀਰਜ ਦਾ ਮਿਸ਼ਰਣ ਲੋੜੀਂਦਾ ਹੈ। ਇਸ ਵਿੱਚ ਉਹ ਚੇਤਨਾ ਸ਼ਾਮਿਲ ਹੈ ਜਿਹੜੀ ਅਨੇਕਤਾ ਵਿੱਚ ਏਕਤਾ ਦੀ ਸੰਭਾਲ ਕਰਦੀ ਹੈ।

ਅਸੰਖ ਨਾਵ ਅਸੰਖ ਥਾਵ ॥

ਅਣਗਿਣਤ ਹਸਤੀਆਂ ਅਣਗਿਣਤ ਖੰਡਾਂ ਵਿੱਚ ਵਸਦੀਆਂ ਹਨ।

ਅਗੰਮ ਅਗੰਮ ਅਸੰਖ ਲੋਅ ॥

ਅਨੰਤ ਦੀ ਅਮੁੱਕ ਵਿਸ਼ਾਲਤਾ ਨੂੰ ਸਮਝਣ ਦਾ ਜਤਨ।

ਅਸੰਖ ਕਹਹਿ ਸਿਰਿ ਭਾਰੁ ਹੋਇ ॥

ਇਹ ਖੁਲਾਸਾ ਕਰਦਾ ਹੈ ਕਿ ਅਣਗਿਣਤਤਾ ਕੁਦਰਤ ਦੀ ਵਿਸ਼ਾਲਤਾ ਦਾ ਇੱਕ ਅੰਦਾਜਾ ਹੈ।

ਅਖਰੀ ਨਾਮੁ ਅਖਰੀ ਸਾਲਾਹ ॥

ਰੂਹਾਨੀ ਸ਼ਬਦਾਂ ਉੱਤੇ ਚਿੰਤਨ ਕਰਨ ਨਾਲ ਡੂੰਘੀ ਸੂਝ ਪ੍ਰਾਪਤ ਹੋ ਸਕਦੀ ਹੈ ਜੋ ਸਤਿਕਾਰ ਦੇ ਯੋਗ ਹੈ।

ਅਖਰੀ ਗਿਆਨੁ ਗੀਤ ਗੁਣ ਗਾਹ ॥

ਬਿਬੇਕ ਦੁਆਰਾ ਪ੍ਰਾਪਤ ਸੂਝ ਦੇ ਅਧਾਰ ਤੇ, ਵਿਅਕਤੀ ਨੇਕ ਵਿਚਾਰਾਂ ਨੂੰ ਪ੍ਰਫੁਲਿਤ ਅਤੇ ਉਨ੍ਹਾਂ ਦਾ ਇਜ਼ਹਾਰ ਕਰਦਾ ਹੈ।

ਅਖਰੀ ਲਿਖਣੁ ਬੋਲਣੁ ਬਾਣਿ ॥

ਜਦੋਂ ਗਿਆਨ ਦੇ ਸ਼ਬਦ ਬੋਲੇ ਅਤੇ ਲਿਖੇ ਜਾਂਦੇ ਹਨ ਤਾਂ ਸੰਜੀਵਨੀ ਹੋ ਜਾਂਦੇ ਹਨ।

ਅਖਰਾ ਸਿਰਿ ਸੰਜੋਗੁ ਵਖਾਣਿ ॥

ਏਕਤਾ ਦੇ ਨਾਲ ਕਿਸੇ ਦੇ ਸੰਬੰਧ ਨੂੰ ਨਿਰਧਾਰਤ ਕਰਨ ਵਿੱਚ ਬਿਬੇਕ ਮਹੱਤਵਪੂਰਣ ਭੂਮਿਕਾ ਅਦਾ ਕਰਦਾ ਹੈ।

ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥

ਜੋ ਇਸ ਸੰਗਤ ਨੂੰ ਧਾਰਨ ਕਰਦੇ ਹਨ, ਉਹ ਚਿੰਤਨ ਦੁਆਰਾ ਬਿਬੇਕ ਪ੍ਰਾਪਤ ਕਰਦੇ ਹਨ।

ਜਿਵ ਫੁਰਮਾਏ ਤਿਵ ਤਿਵ ਪਾਹਿ ॥

ਕੁਦਰਤ ਦੇ ਨਿਯਮਾਂ ਦੀ ਸਵੀਕ੍ਰਿਤੀ ਅਨੁਸਾਰ ਇਸ ਸੰਗਤ ਦੀ ਨਿਰਧਾਰਤਾ ਅਤੇ ਪ੍ਰਾਪਤੀ ਹੁੰਦੀ ਹੈ।

ਜੇਤਾ ਕੀਤਾ ਤੇਤਾ ਨਾਉ ॥

ਸਰਬ-ਵਿਆਪਕ ਚੇਤਨਾ ਸਾਰੀ ਕਾਇਨਾਤ ਦੀ ਕਰਤਾ ਹੈ; ਇਸ ਦੀ ਸਰਬ-ਵਿਆਪਕਤਾ ਚਿੰਤਨ ਦੇ ਯੋਗ ਹੈ।

ਵਿਣੁ ਨਾਵੈ ਨਾਹੀ ਕੋ ਥਾਉ ॥

ਏਕਤਾ ਦੇ ਚਿੰਤਨ ਤੋਂ ਬਿਨਾਂ, ਹੋਰ ਕੋਈ ਸਮਰਥ ਸਥਾਨ ਨਹੀਂ ਹੈ।

ਕੁਦਰਤਿ ਕਵਣ ਕਹਾ ਵੀਚਾਰੁ ॥

ਕੁਦਰਤ ਵਿੱਚਲੀ ਅਨੇਕਤਾ ਦੀ ਸ਼ਕਤੀ ਨੂੰ ਕਿਵੇਂ ਸਮਝਿਆ ਜਾ ਸਕਦਾ ਹੈ?

ਵਾਰਿਆ ਨ ਜਾਵਾ ਏਕ ਵਾਰ ॥

ਇਸ ਦੀ ਵਿਸ਼ਾਲਤਾ ਨੂੰ ਇੱਕ ਪਲ ਲਈ ਵੀ ਘੇਰਿਆ ਨਹੀਂ ਜਾ ਸਕਦਾ।

ਜੋ ਤੁਧੁ ਭਾਵੈ ਸਾਈ ਭਲੀ ਕਾਰ ॥

ਜੋ ਵੀ ਕੁਦਰਤ ਦੁਆਰਾ ਨਿਰਧਾਰਤ ਕੀਤਾ ਗਿਆ ਹੈ ਉਹ ਸਰਬਤ ਦੇ ਭਲੇ ਲਈ ਉਮਦਾ ਕਰਮ ਹੈ।

ਤੂ ਸਦਾ ਸਲਾਮਤਿ ਨਿਰੰਕਾਰ ॥੧੯॥

ਸਰਬ-ਵਿਆਪਕ ਚੇਤਨਾ ਸਦੀਵੀ ਅਤੇ ਨਿਰਾਕਾਰ ਹੈ। (੧੯)

ਤੱਤ: ਗੁਰੂ ਨਾਨਕ ਕਹਿੰਦੇ ਹਨ ਕਿ ਅਨੇਕਤਾ ਵਿੱਚ ਏਕਤਾ ਦੇ ਸਰਵ ਵਿਆਪਕ ਨਿਯਮ ਨੂੰ ਸਮਝਣ, ਧਾਰਨ ਕਰਨ ਅਤੇ ਸਵੀਕਾਰ ਕਰਨ ਵਾਲੀ ਸ਼ਕਤੀ ਨੂੰ ਘੇਰਿਆ ਨਹੀਂ ਜਾ ਸਕਦਾ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**